ਤੁਹਾਨੂੰ ਕੀ ਜਾਣਨ ਦੀ ਲੋੜ ਹੈ ਜਦੋਂ ਬਰਫ ਪੈਣੀ ਸ਼ੁਰੂ ਹੁੰਦੀ ਹੈ

Punjabi

- 5 ਸੈਂਟੀਮੀਟਰ ਬਰਫ਼ ਪੈਣ ਤੋਂ ਬਾਅਦ, ਪਹਿਲਾਂ ਵੱਡੀਆਂ ਸੜਕਾਂ ਤੋਂ ਬਰਫ ਹਟਾਈ ਜਾਂਦੀ ਹੈ, ਅਤੇ ਫੇਰ ਲੋਕਲ ਸੜਕਾਂ ਸਾਫ ਹੁੰਦੀਆਂ ਹਨ।

- ਬਰਫ ਸਾਫ ਕਰਨ ਦੇ ਦੌਰਾਨ ਸੜਕਾਂ ਤੇ ਪਾਰਕਿੰਗ ਤੇ ਪਾਬੰਦੀ ਹੈ - ਪਰਮਿਟ ਅਸਥਾਈ ਤੌਰ ਤੇ ਬੰਦ ਕਰ ਦਿੱਤੇ ਜਾਂਦੇ ਹਨ।

- ਅਵੈਧ ਢੰਗ ਨਾਲ ਪਾਰਕ ਕੀਤੇ ਵਾਹਨਾਂ ਤੇ ਟਿਕਟ ਜਾਰੀ ਕਰਕੇ, ਉਹਨਾਂ ਨੂੰ ਮਾਲਕ ਦੇ ਖਰਚੇ ਤੇ ਟੋ ਅਤੇ ਜ਼ਬਤ ਕੀਤਾ ਜਾ ਸਕਦਾ ਹੈ।

- ਵਸਨੀਕਾਂ ਨੂੰ ਬਰਫ਼ਬਾਰੀ ਖਤਮ ਹੋਣ ਦੇ ਅਗਲੇ ਦਿਨ ਸਵੇਰੇ 11 ਵਜੇ ਤੱਕ ਸਾਈਡਵਾਕਸ ਸਾਫ ਕਰਨੀਆਂ ਲਾਜ਼ਮੀ ਹਨ।

- ਬਜ਼ੁਰਗ ਅਤੇ ਅਪਾਹਜਪੁਣੇ ਵਾਲੇ ਲੋਕ ਬਰਫ਼ ਹਟਾਉਣ ਲਈ ਵਿੱਤੀ ਸਹਾਇਤਾ ਪ੍ਰੋਗਰਾਮ ਰਾਹੀਂ ਮਦਦ ਪ੍ਰਾਪਤ ਕਰ ਸਕਦੇ ਹਨ।

ਸੁਰੱਖਿਅਤ ਰਹੋ। ਤਿਆਰ ਰਹੋ।

311 **brampton.ca**/snow

BRAMPTON

ਚੰਗੇ ਆਂਢ-ਗਵਾਂਢ, ਮਜ਼ਬੂਤ ਭਾਈਚਾਰੇ

ਸਧਾਰਨ ਜਿਹੇ ਕੰਮ ਸਾਡੇ ਆਂਢ-ਗਵਾਂਢਾਂ ਨੂੰ ਸੁਰੱਖਿਅਤ ਅਤੇ ਮਜ਼ਬੂਤ ਬਣਾਉਂਦੇ ਹਨ।

- ਸਾਈਡਵਾਕਸ, ਬਾਈਕ ਲੇਨਾਂ ਜਾਂ ਫਾਇਰ ਸਬੰਧੀ ਰੂਟਾਂ ਨੂੰ ਬਲੌਕ ਨਾ ਕਰੋ। ਸੜਕ ਤੇ ਪਾਰਕਿੰਗ ਤਿੰਨ ਘੰਟਿਆਂ ਤੱਕ ਸੀਮਿਤ ਹੈ ਅਤੇ ਸਵੇਰੇ 2 ਵਜੇ ਤੋਂ 6 ਵਜੇ ਤੱਕ ਇਸਦੀ ਇਜਾਜ਼ਤ ਨਹੀਂ ਹੈ।

- ਸ਼ੋਰ ਨਾ ਕਰੋ। ਤੇਜ਼ ਮਿਊਜਿਕ ਨਾ ਵਜਾਓ ਅਤੇ ਧਿਆਨ ਰੱਖੋ ਕਿ ਉਸਾਰੀ ਵਾਲੇ ਟੂਲਸ ਅਤੇ ਤੁਹਾਡੇ ਕੁੱਤੇ ਦੇ ਭੌਂਕਣ ਦੀ ਬਹੁਤ ਜ਼ਿਆਦਾ ਅਵਾਜ਼ ਨਾ ਆਵੇ। ਬਿਜਲੀ ਸਬੰਧੀ ਟੂਲਸ, ਲਾਅਨ ਦੇ ਉਪਕਰਨ ਅਤੇ ਵਾਹਨ ਦੀ ਮੁਰੰਮਤ ਦੇ ਕੰਮਾਂ ਤੇ, ਰਾਤ 9 ਵਜੇ ਤੋਂ ਸਵੇਰੇ 7 ਵਜੇ ਤੱਕ ਪਾਬੰਦੀ ਹੈ, ਵੀਕੈਂਡ ਅਤੇ ਛੁੱਟੀ ਵਾਲੇ ਦਿਨ ਨੂੰ ਇਹ ਪਾਬੰਦੀ ਸਵੇਰੇ 9 ਵਜੇ ਤੱਕ ਰਹਿੰਦੀ ਹੈ।

- ਆਪਣੀ ਪ੍ਰਾਪਰਟੀ ਦਾ ਸਹੀ ਰੱਖ-ਰਖਾਅ ਕਰੋ, ਯਾਰਡਾਂ ਨੂੰ ਸਾਫ-ਸੁਥਰਾ ਰੱਖੋ, ਕੂੜੇ ਵਾਲੇ ਬਿਨਸ ਨੂੰ ਠੀਕ ਢੰਗ ਨਾਲ ਸਟੋਰ ਕਰੋ ਅਤੇ ਕੂੜੇ ਦਾ ਨਿਬੇੜਾ ਜ਼ਿੰਮੇਵਾਰੀ ਨਾਲ ਕਰੋ।

- ਵਾਰਡਸ 1, 2, 3, 4, 5, 7 ਅਤੇ 8 ਦੇ ਮਕਾਨ ਮਾਲਕ, ਜਿਹਨਾਂ ਦੀਆਂ ਇੱਕ ਤੋਂ ਚਾਰ ਰੈਂਟਲ ਯੂਨਿਟਾਂ ਹਨ, ਉਹਨਾਂ ਲਈ ਰਿਹਾਇਸ਼ੀ ਰੈਂਟਲ ਲਾਇਸੈਂਸਿੰਗ ਪਾਇਲਟ ਪ੍ਰੋਗਰਾਮ (Residential Rental Licensing Pilot Program) ਹੇਠ, ਲਾਇਸੈਂਸ ਲੈਣਾ ਲਾਜ਼ਮੀ ਹੈ।

311 **brampton.ca**/bylaws BRAMPTON